Received: Mar '24
Revised:
Accepted: Apr '24

© 2024 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# 21ST CENTURY PUNJABI NOVEL
# 21ਵੀ ਸਦੀ ਦਾ ਪੰਜਾਬੀ ਨਾਵਲ

**Hardev Singh**
Assistant Professor, Chaudhary Devi Lal University, Sirsa, Haryana
E-mail: hardevsingh.hs24@gmail.com

ABSTRACT

*In the 21st century or the era of globalization, there have been many changes in novel writing. Due to which the narrative of the novel has increased, many novelists have broken the old ideas and tried new things. The Punjabi novel after 1960 entered a new era in which the events taking place in the modern era have been made into a form of narrative. This novel presents the stressful situation of human being trapped in modernization/mechanization. Changes in Punjabi lifestyle due to mechanization emerge in the narrative of Punjabi novels.*

*21ਵੀ ਸਦੀ ਜਾਂ ਵਿਸ਼ਵੀਕਰਨ ਦੇ ਦੌਰ ਵਿਚ ਨਾਵਲ ਲੇਖਣ ਵਿਚ ਬਹੁਤ ਸਾਰੀਆਂ ਤਵਦੀਲੀਆ ਆਈਆਂ ਹਨ। ਜਿਨ੍ਹਾਂ ਕਾਰਨ ਨਾਵਲ ਦਾ ਬਿਰਤਾਂਤ ਵਧੇਰੇ ਵਧਿਆ ਹੈ, ਬਹੁਤ ਸਾਰੇ ਨਾਵਲਕਾਰਾਂ ਨੇ ਪੁਰਾਣੇ ਵਿਚਾਰਾਂ ਨੂੰ ਤੋੜ ਕੇ ਨਵੇਂ ਤਜਰਵੇ ਕੀਤੇ। 1960 ਤੋਂ ਬਾਅਦ ਦਾ ਪੰਜਾਬੀ ਨਾਵਲ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ ਜਿਸ ਵਿਚ ਆਧੁਨਿਕ ਯੁੱਗ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਬਿਰਤਾਂਤ ਦਾ ਰੂਪ ਬਣਾਇਆ ਹੈ। ਇਹ ਨਾਵਲ ਮਨੁੱਖ ਦੀ ਆਧੁਨਿਕਕਰਨ/ਮਸ਼ੀਨੀਕਰਨ ਵਿਚ ਫਸੀ ਹੋਈ ਜ਼ਿੰਦਗੀ ਦੀ ਤਣਾਉਪੂਰਰਨ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ। ਮਸ਼ੀਨੀਕਰਨ ਕਾਰਨ ਪੰਜਾਬੀ ਰਹਿਤਲ ਵਿਚ ਆਏ ਬਦਲਾਉ ਪੰਜਾਬੀ ਨਾਵਲ ਦੇ ਬਿਰਤਾਂਤ ਵਿਚ ਉੱਭਰਦੇ ਹਨ ।*

**Keywords:** Globalization, Mechanization, Psychology, Culture, Migration.

**ਕੀਵਰਡ:** ਵਿਸ਼ਵੀਕਰਨ, ਮਸ਼ੀਨਕਰਨ, ਮਨੋਵਿਗਿਆਨ, ਸਭਿਆਚਾਰ, ਪਰਵਾਸ ।

## ਖੋਜ ਪੇਪਰ

ਪੰਜਾਬੀ ਨਾਵਲ ਬਹੁਤ ਸਾਰੀਆਂ ਪ੍ਰਵਿਰਤੀਆ ਹਾਸ਼ਲ ਕਰਨ ਤੋਂ ਬਾਅਦ ਵਿਸ਼ਵੀਕਰਨ ਦੇ ਦੌਰ ਵਿਚ ਵਾਚਦੇ ਹਾਂ ਤਾਂ ਬਹੁਤ ਸਾਰੀਆ ਪ੍ਰਾਪਤਿਆਂ ਹਾਸ਼ਲ ਕੀਤੀਆਂ ਹਨ। ਪੰਜਾਬੀ ਨਾਵਲ ਦਾ ਆਰੰਭ 18ਵੀ ਸਦੀ ਦੇ ਅੱਧ ਜਾਂ ਅਖੀਰਲੇ ਦਹਾਕੇ ਨੂੰ ਮੰਨਦੇ ਹਾਂ । "ਮੋਟੇ ਤੋਰ ਤੇ ਪੰਜਾਬੀ ਨਾਵਲ ਦੇ ਇਸ ਦੌਰ ਨੂੰ ਉਤਰ ਨਾਨਕ ਕਾਲ ਦਾ ਨਾਂ ਦਿਤਾ ਜਾ ਸਕਦਾ ਹੈ।"1 ਮੁੱਢਲੇ ਨਾਵਲ ਤੋਂ ਲੈ ਕੇ ਹੁਣ ਤੱਕ ਦੇ ਨਾਵਲਕਾਰਾਂ ਨੂੰ ਵਾਚਦੇ ਹਾਂ ਤਾਂ ਸਾਰੇ ਹੀ ਨਾਵਲਕਾਰ ਕਿਤੇ ਨਾ ਕਿਤੇ ਨਾਨਕ ਸਿੰਘ ਤੋਂ ਪ੍ਰਭਵਿਤ ਹਨ। ਪਰ ਜਦੋ ਅਸੀਂ ਨਾਵਲ ਪੜ੍ਹਦੇ ਹਾਂ ਤਾਂ ਪਹਿਲੇ ਤੇ ਹੁਣ ਦੇ ਨਾਵਲਕਾਰ ਭਾਵਕਤਾ, ਮਾਨਸਿਕਤਾ ਤੇ ਮਾਨੋਵਿਗਿਆਨਕ ਪੱਖ ਤੋ ਵਧੇਰੇ ਭਿੰਨ ਹਨ ਅਤੇ ਪਹਿਲੀਆਂ ਪੀੜ੍ਹੀਆ ਤੋ ਅਲੱਗ ਲਿਖਣ ਦੀ ਕੋਸਿਸ਼ ਕਰਦੇ ਹਨ। 21ਵੀ ਸਦੀ ਜਾਂ ਵਿਸ਼ਵੀਕਰਨ ਦੇ ਦੌਰ ਵਿਚ ਨਾਵਲ ਲੇਖਣ ਵਿਚ ਬਹੁਤ ਸਾਰੀਆਂ ਤਵਦੀਲੀਆ ਆਈਆਂ ਹਨ। ਜਿਨ੍ਹਾਂ ਕਾਰਨ ਨਾਵਲ ਦਾ ਵਿਸਤਾਰ ਜਾਂ ਬਿਰਤਾਂਤ ਵਧੇਰੇ ਵਧਿਆ ਹੈ ਤੇ ਨਾਲ ਦੀ ਨਾਲ ਬਹੁਤ ਸਾਰੇ ਨਾਵਲਕਾਰਾਂ ਨੇ ਪੁਰਾਣੇ ਵਿਚਾਰਾਂ ਨੂੰ ਤੋੜ ਕੇ ਨਵੇਂ ਤਜੱਰਵੇ ਕੀਤੇ ਹਨ। ਅਜੋਕਾ ਨਾਵਲ ਨਵੇਂ ਰਿਸਤਿਆਂ ਤੇ ਤਜਰਵਿਆਂ ਦੀ ਤਲਾਸ਼ ਵਿਚ ਅਪਣਾ ਨਵਾਂ ਰਸਤਾ ਬਣਾਉਂਦਾ ਹੋਇਆ ਬਹੁਤ ਅੱਗੇ ਨਿਕਲ ਗਿਆ ਹੈ।

1960 ਤੋਂ ਬਾਅਦ ਦਾ ਨਾਵਲ ਸਮਕਾਲੀ ਨਾਵਲ ਦੇ ਦੋਰ ਕਰਦਾ ਹੈ ਜਿਸ ਵਿਚ ਆਧੁਨਿਕ ਯੁੱਗ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਬਿਰਤਾਂਤ ਦਾ ਰੂਪ ਬਣਾਇਆ ਹੈ। ਇਹ ਨਾਵਲ ਮਨੁੱਖ ਦੀ ਆਧੁਨਿਕਕਰਨ/ ਮਸ਼ੀਨੀਕਰਨ ਵਿਚ ਫਸੀ ਹੋਈ ਜ਼ਿੰਦਗੀ ਦੀ ਤਣਾਉਪੂਰਰਨ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ। ਮਸ਼ੀਨੀਕਰਨ ਕਾਰਨ ਪੰਜਾਬੀ ਰਹਿਤਲ ਵਿਚ ਆਏ ਬਦਲਾਉ ਪੰਜਾਬੀ ਨਾਵਲ ਦੇ ਬਿਰਤਾਂਤ ਵਿਚ ਉੱਭਰਦੇ ਹਨ । ਵਿਸ਼ਵੀਕਰਨ ਦੇ ਪੰਜਾਬ ਜੀਵਨ ਉੱਤੇ ਪ੍ਰਭਾਵਾਂ ਨੂੰ ਜਸਵਿੰਦਰ ਸਿੰਘ ਦਾ ਨਾਵਲ 'ਮਾਤਲੋਕ', ਰਾਮ ਸਰੂਪ ਰਿਖੀ ਦਾ ਨਾਵਲ ਮੈਂ 'ਪ੍ਰਚੰਡ ਭਵਾਨ',ਪਰਗਟ ਸਤੋਜ ਦਾ ਨਾਵਲ 'ਤੀਵੀਂਆਂ', ਹਰਮਹਿੰਦਰ ਦਾ ਨਾਵਲ 'ਬਲੀ' ਤੇ 'ਹੋਣੀ' ,ਰਾਮ ਸਿੰਘ ਦਾ ਨਾਵਲ 'ਮਜ਼ਿਸ਼ਸਟ੍ਰੇਟ', ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ', ਗੁਰਦਿਆਲ ਸਿੰਘ ਦਾ ਨਾਵਲ 'ਆਹਣ' ਆਦਿ ਹਨ। ਇਹ ਸਾਰੇ ਨਾਵਲ ਪੰਜਾਬ ਦੀ ਨਿੱਘਰ ਰਹੀ ਹਾਲਤ ਦੀ ਪੇਸ਼ਕਾਰੀ ਕਰਦੇ ਹਨ। ਜਸਵਿੰਦਰ ਸਿੰਘ ਦਾ ਨਾਵਲ 'ਮਾਤਲੋਕ' ਵਿਚ ਸਮਕਾਲੀ ਦੋਰ ਦੇ ਨਾਲ ਨਾਲ 20ਵੀ ਸਦੀ ਦੇ ਆਖਿਰੀ ਦੋ ਦਹਾਕਿਆ ਦੀ ਪੇਸ਼ਕਾਰੀ ਕਰਦਾ ਹੈ। 'ਮਾਤਲੋਕ' ਨਾਵਲ ਵਿਸਵੀਕਰਨ ਕਾਰਣ ਆ ਰਹੀਆਂ ਸਮਾਜ ਤੇ ਮਨੁੱਖੀ ਜ਼ਿੰਦਗੀ ਦੀਆਂ ਤਬਦੀਲੀਆ ਨੂੰ ਪੇਸ਼ ਕਰਦਾ ਹੈ । 'ਮਾਤਲੋਕ' ਨਾਵਲ ਵਿਚ ਆਧੁਨਿਕ ਮਨੁੱਖ ਦੀ ਗੱਲ ਕਰਦੇ ਹੋਏ, ਆਧੁਨਿਕ ਮਨੁੱਖ ਨੂੰ ਮਾਨਸਿਕ ਸ਼ਾਂਤੀ ਦੇ ਬਦਲੇ ਮਿਲਦੇ ਪਦਾਰਥਕ ਸੁੱਖਾਂ ਦੀ ਭਾਲ ਨੂੰ ਵਿਅੰਗ ਰਾਹੀ ਪੇਸ਼ ਕੀਤਾ ਹੈ। ਨਾਵਲਕਾਰ ਨੇ ਆਪਣੇ ਨਾਵਲ ਵਿਚ ਨਾਇਕ ਦੀ ਜਗ੍ਹਾ ਖਲਨਾਇਕ ਦੀ ਸਿਰਜਣਾ ਕਰਦੇ ਹੋਏ ਅਜੋਕੇ ਜੀਵਨ ਵਿਚ ਹਥਿਆਰ ਸੁੱਟ ਰਹੇ ਇਨਸਾਨ ਦੀ ਮਾਨਸਿਕ ਖਿਚੋਤਾਣ ਨੂੰ ਨਵਾਂ ਰੂਪ ਦਿੱਤਾ ਹੈ। ਨਾਵਲ ਦਾ ਅੰਤ ਉਦੋ ਹੋਰ ਵੀ ਪ੍ਰਭਾਵਸਾਲੀ ਹੋ ਜਾਂਦਾ

ਹੈ ਜਦੋਂ ਨਾਵਲਕਾਰ ਨਾਵਲ ਵਿਚ ਜਿੰਦਗੀ ਦੇ ਹਲਾਤਾਂ ਤੋਂ ਭੱਜਦਾ ਹੋਇਆ ਉਹ ਬਣਨ ਦੀ ਕੋਸਿਸ ਕਰਦਾ ਹੈ ਜੋ ਅਸਲ ਚ ਹੈ ਹੀ ਨਹੀਂ।

"ਪੰਜਾਬੀ ਦੇ ਬਹੁਤ ਸਾਰੇ ਨਾਵਲਕਾਰਾਂ ਦਾ ਪਿਛੋਕੜ ਪੇਂਡੂ ਹੈ ਇਸ ਕਰਕੇ ਜਿਆਦਾਤਰ ਨਾਵਲਾਂ ਦਾ ਵਿਸ਼ਾ ਪਾਤਰ ,ਘਟਨਾਵਾਂ ,ਸਮੱਸਿਆਵਾਂ ਪਿੰਡਾਂ ਦੇ ਹੀ ਲਏ ਗਏ ਹਨ। ਇਹ ਨਾਵਲ ਪੇਂਡੂ ਸਭਿਆਚਾਰ ,ਜਿੰਦਗੀ ,ਰਸ਼ਮਾ ਰਿਵਾਜਾਂ ਦੀ ਪੇਸ਼ਕਾਰੀ ਕਰਦੇ ਹੋਏ ਪਾਠਕਾਂ ਨੂੰ ਪਿੰਡਾਂ ਨਾਲ ਜੋੜਦੇ ਹਨ ।"2 ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਵਿਸੇਸ ਸਥਾਨ ਹਾਸ਼ਲ ਕੀਤਾ ਹੈ। ਇਸ ਨਾਵਲਕਾਰ ਨੇ ਯਥਾਰਥ ਦੇ ਨਾਲ ਨਾਲ ਰੁਮਾਂਸ ਦੀ ਗੱਲ ਕੀਤੀ ਹੈ ਤੇ ਰੁਮਾਂਸ ਦੇ ਵੱਖਰੇ ਤਰੀਕੇ ਰਾਹੀ ਪਾਠਕ ਨੂੰ ਆਪਣੇ ਵੱਲ ਖਿਚਿਆ ਹੈ । ਗੁਰਦਿਆਲ ਸਿੰਘ ਨੇ ਆਪਣੇ ਨਾਵਲਾਂ ਵਿਚ ਸਿਰਫ ਸਹਿਰੀ ਮੱਧ ਸ਼੍ਰੇਣੀ ਕਾਮਿਆਂ ,ਮਜਦੂਰਾਂ ਦੀ ਜਿੰਦਗੀ ਬਹੁਤ ਹੀ ਕਠੋਰ, ਖਰਵੇ, ਖੁਸ਼ਕ ਤਰੀਕੇ ਨਾਲ ਪੇਸ਼ ਕੀਤਾ ਹੈ 'ਆਹਣ' ਨਾਵਲ ਵਿਚ ਗੁਰਦਿਆਲ ਸਿੰਘ ਨੇ ਪੰਜਾਬ ਦੀ ਭ੍ਰਿਸ਼ਟ ਰਾਜਨੀਤੀ ਨੂੰ ਪੇਸ਼ ਕੀਤਾ ਹੈ ਜਿਸ ਵਿਚ ਨਾਵਲਕਾਰ ਨੇ ਪੁਰਾਣੇ ਚਿੰਨ੍ਹ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ ਹੈ। "ਸਮਕਾਲੀ ਪੰਜਾਬੀ ਨਾਵਲ ਨੂੰ ਸਿਰਜਣਾ ਦੇ ਨਵੇਂ ਪ੍ਰਤੀਮਾਨ ਦੇਣ ਵਿਚ ਗੁਰਦਿਆਲ ਸਿੰਘ ਦਾ ਯੋਗਦਾਣ ਵਧੇਰੇ ਉਘੜਵਾਂ ਹੈ"3

ਅਸਲ ਵਿਚ ਸਾਹਿਤਕਾਰ ਸਮਾਜ ਦਾ ਹਿੱਸਾ ਹੁੰਦਾ ਹੈ ਜੋ ਸਮਾਜ ਵਿਚ ਵਾਪਰਦਾ ਉਹੀ ਆਪਣੀ ਰਚਨਾ ਦਾ ਅਧਾਰ ਬਣਾਓਂਦਾ ਹੈ ਪੰਜਾਬ ਹਮੇਸ਼ਾ ਹੀ ਅਜੇਹਿਆ ਲਹਿਰਾ ਦਾ ਸ਼ਿਕਾਰ ਰਿਹਾ ਹੈ ਜਿਨ੍ਹਾਂ ਨੇ ਪੰਜਾਬੀ ਜਨ ਜੀਵਨ ਪ੍ਰਭਾਵਿਤ ਕੀਤਾ ਹੈ ਉਹ ਚਾਹੇ ਮਾਰਕਸਵਾਦੀ ਲਹਿਰ ਹੋਵੈ ਭਾਵੇ ਖਾਲਿਸਤਾਨੀ। ਪੰਜਾਬ ਵਿਚ ਵੰਡ ਦਾ ਮੁੱਦਾ ਭਾਵੇ ਪੁਰਾਣਾ ਹੋ ਗਿਆ ਹੈ ਪਰ ਫਿਰ ਵੀ ਪੰਜਾਬ ਇਸ ਵੰਡ ਤੋ ਬਾਅਦ 84 ਦਾ ਸੰਤਾਪ ਹੰਡਾ ਚੁੱਕਿਆ ਹੈ। ਪਰ ਅੱਜ ਵੀ ਨਾਵਲ ਵਿਚ ਵੰਡ ਦੀ ਤਿਬਰਤਾ ਤੇ ਦੁਖਾਂਤ ਦੇਖਣ ਨੂੰ ਮਿਲਦਾ ਹੈ। ਸੰਤਾਪ 84 ਨੂੰ ਅਧਾਰ ਬਣਾ ਕੇ ਬਹੁਤ ਸਾਰੇ ਨਾਵਲਕਾਰਾਂ ਨੇ ਨਾਵਲਾਂ ਦੀ ਰਚਨਾ ਕੀਤੀ ਹੈ। ਪਰ ਕੋਈ ਵੀ ਪੰਜਾਬੀ ਨਾਵਲਕਾਰ ਇਸ ਤੋਂ ਅਛੂਤਾ ਨਹੀ ਰਿਹਾ। ਸੰਤਾਪ 84 ਦੇ ਸਮੇ ਨੂੰ ਅਧਾਰ ਬਣਾ ਕੇ ਨਿੰਦਰ ਗਿੱਲ ਨੇ 'ਪੰਜਾਬ 84' ਨਾਵਲ ਸਿਰਜਿਆ ,ਹਰਮਹਿੰਦਰ ਚਹਿਲ ਨੇ 'ਹੋਣੀ' ਤੇ 'ਬਲੀ' ਨਾਵਲ ਦੀ ਸਿਰਜਣਾ ਕੀਤੀ, ਇਹ ਸਾਰੇ ਨਾਵਲ ਖਾੜਕੂਵਾਦ ਦੀ ਲਹਿਰ ਦੀ ਪੇਸ਼ਕਾਰੀ ਕਰਨ ਵਾਲੇ ਨਾਵਲ ਹਨ । ਇਹ ਸਾਰੇ ਨਾਵਲ ਪੰਜਾਬ ਸਮੱਸਿਆਵਾਂ ਬਹੁਤ ਹੀ ਵਧੀਆ ਢੰਗ ਨਾਲ ਪ੍ਰੇਸ ਕਰਦੇ ਹਨ ।

ਅਜੋਕਾ ਪੰਜਾਬੀ ਨਾਵਲ ਪੰਜਾਬ ਦੀਆ ਹੱਦਾ ਨੂੰ ਪਾਰ ਕਰਕੇ ਵਿਦੇਸ਼ਾ ਵਿਚ ਵੀ ਆਪਣੀ ਜਗ੍ਹਾ ਬਣਾ ਚੁੱਕਿਆ ਹੈ । ਰੋਜੀ-ਰੋਟੀ, ਰੁਜਗਾਰ ਦੀ ਖਾਤਿਰ ਕਈ ਪੰਜਾਬੀ ਲੇਖਕ ਵਿਦੇਸ਼ਾਂ ਵਿਚ ਪ੍ਰਵਾਸ ਕਰ ਗਏ, ਪਰ ਮਾਂ ਬੋਲੀ ਦਾ ਮੋਹ, ਆਰਥਿਕ ਰੁਝੇਵਿਆਂ ਦੇ ਥੱਲੇ ਦੱਬ ਨਹੀਂ ਸਕਿਆ ਅਤੇ ਇਹ ਪਰਵਾਸੀ ਪੰਜਾਬੀ ਲੇਖਕ ਸਮੇਂ ਸਮੇਂ ਉੱਪਰ ਨਾਵਲ ਲਿਖਦੇ ਰਹੇ ਹਨ । ਪਰਵਾਸੀ ਨਾਵਲਕਾਰ ਆਪਣੇ ਨਾਵਲ ਵਿਚ ਸਭਿਆਚਾਰ ਵਖਰੇਵਿਆਂ, ਪੀੜੀਆਂ ਦੀ ਸੋਚ ਦਾ ਫ਼ਰਕ ਪੂਰਬੀ ਤੇ ਪੱਛਮੀ ਕਦਰਾਂ-ਕੀਮਤਾਂ ਦੀ ਗੱਲ ਕਰਦੇ ਰਹੇ ਹਨ। ਅਜੋਕੇ ਸਮੇਂ ਪਾਕਿਸਤਾਨ ਵਿਚ ਪੰਜਾਬੀ ਨਾਵਲ ਵੱਲ ਵਿਸ਼ੇਸ ਧਿਆਨ ਦਿੱਤਾ ਜਾ ਰਿਹਾ ਹੈ। ਅਫਜਲ ਅਹਿਸਨ ਦਾ ਨਾਵਲ 'ਦੀਵਾ' ਤੇ 'ਦਰਿਆ', ਸਲੀਮ ਖਾਂ ਦਾ ਨਾਵਲ 'ਸਾਂਝ', ਨਦੀਮ ਪਰਮਾਰ ਦਾ ਨਾਵਲ 'ਰੇਪ' ਆਦਿ ਸਾਡੇ ਤੱਕ ਪਹੁੰਚੇ ਹਨ। ਇਹ ਨਾਵਲ ਬਿਆਨਿਆ ਤੇ ਬਿਰਤਾਂਤ ਵਿਧੀ ਵਿਚ ਲਿਖੇ ਗਏ ਹਨ। ਇਨ੍ਹਾਂ ਦੀ ਜੁਬਾਨ ਆਮ ਬੋਲਚਾਲ ਦੀ ਹੈ। ਪਾਕਿਸਤਾਨੀ ਨਾਵਲ ਵਿਚ ਮਨੁੱਖੀ ਜਜ਼ਬਿਆ ਨੂੰ ਚਿਤਰਿਆ ਗਿਆ ਹੈ ਜਿਵੇਂ ਕਿ ਨਾਵਲਾਂ ਚ ਮੇਲਿਆ, ਸਭਿਆਚਾਰ, ਲੋਕ-ਨਾਚਾਂ ਬਹੁਤ ਜ਼ਿਕਰ ਹੈ। ਇਹਨਾਂ ਨਾਵਲਾਂ ਵਿਚ ਜੋਸ਼, ਮਰ ਮਿਟਣ ਦੀ ਤਮੰਨਾ, ਰੋਸ ਮਨੱਖੀ ਕਦਰਾਂ ਕੀਮਤਾਂ ਨਾਲ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਹੈ। "ਪਾਕਿਸਤਾਨੀ ਨਾਵਲ ਦੇ ਵਿਕਾਸ ਨੂੰ ਵੀ ਅਸੀਂ ਸਮੁੱਚੇ ਵਿਸ਼ਵ-ਪੰਜਾਬੀ ਸਾਹਿਤ ਦੀ ਵਿਰਾਸਤ ਦਾ ਹੀ ਅੰਗ ਮੰਨ ਸਕਦੇ ਹਾਂ।"4

ਸਮਕਾਲੀ ਨਾਵਲਕਾਰ ਨਾਵਲ ਦੀ ਕਹਾਣੀ ਵਿਸ਼ੇ ਦੇ ਨਾਲ ਨਾਲ ਨਾਵਲ ਦੇ ਰੂਪ, ਕਲਾ, ਤਕਨੀਕ ਪੱਖ ਤੋਂ ਵੀ ਸੁਚੇਤ ਹੈ । ਨਾਵਲਕਾਰ ਸਿਰਫ਼ ਆਪਣੀ ਗੱਲ ਕਹਿੰਦਾ ਹੀ ਨਹੀਂ ਸਗੋਂ ਆਪਣੀ ਗੱਲ ਕਲਾਤਮਕ ਢੰਗ ਨਾਲ ਵਿਚਾਰਾਂ ਨੂੰ ਪੇਸ਼ ਕਰਦਾ ਹੈ, ਮੂਲ ਰੂਪ ਵਿਚ ਦੇਖਿਆ ਜਾਵੇ ਤਾਂ ਮੁੱਢਲਾ ਪੰਜਾਬੀ ਨਾਵਲ ਜਿੱਥੇ ਧਾਰਮਿਕ ,ਯਥਾਰਥਵਾਦੀ,ਉਪਦੇਸ਼ਪੂਰਕ ਸੀ। ਉੱਥੇ ਇਸ ਵਿਚ ਸਮੇਂ-ਸਮੇਂ ਤੇ ਬਦਲਾਓ ਹੁੰਦੇ ਰਹੇ ਹਨ । ਜਿਵੇਂ-ਜਿਵੇਂ ਸਮਾਜ ਵਿਚ ਤਬਦੀਲੀਆਂ ਆਈਆਂ, ਮਨੁੱਖ ਦਾ ਰਹਿਣ-ਸਹਿਣ, ਸੋਚਣ ਦਾ ਢੰਗ ਤਰੀਕਾ, ਲੋੜਾਂ, ਮੁਸ਼ਕਿਲਾਂ, ਮੁਸ਼ਿਬਤਾਂ ਵਿਚ ਵੀ ਤਬਦੀਲੀ ਆਈ। ਉਸ ਤਰਾਂ ਸਮਾਜ ਦੇ ਨਾਲ-ਨਾਲ ਨਾਵਲ ਦੇ ਬਿਰਤਾਂਤ ਵਿਚ ਵੀ ਤਬਦੀਲੀ ਦੇਖਣ ਨੂੰ ਮਿਲੀ। ਅਜੋਕਾ ਪੰਜਾਬੀ ਨਾਵਲ ਵਿਸ਼ਵ ਪੱਧਰ ਤੇ ਆਪਣੀ ਥਾਂ ਬਣਾ ਚੁੱਕਿਆ ਹੈ। ਵਿਸ਼ਵ ਦੀਆਂ ਭਸ਼ਾਵਾਂ ਵਿਚ ਪੰਜਾਬੀ ਨਾਵਲ ਦਾ ਵਿਸ਼ੇਸ ਸਥਾਨ ਹੈ, ਪੰਜਾਬੀ ਨਾਵਲ ਆਪਣੇ ਕਲਾਵੇ ਵਿਚ ਨਾਰੀ ਵੇਦਨਾ, ਮਾਨਸਿਕ ਦਵੰਦ, ਮਨੋਵਿਗਿਆਨਕ ਗੁਝਲਾਂ ਨੂੰ ਸਮਾਈ ਬੈਠਾ ਹੈ। ਅੱਜ ਦਾ ਨਾਵਲ ਸਾਡੇ ਸਮਾਜ ਵਿਚ ਫੈਲੀਆਂ ਕੁਰੀਤੀਆਂ, ਸਮਾਜਿਕ ਸਮੱਸਿਆਵਾਂ, ਬੇਰੋਜਗਾਰੀ, ਨਸ਼ੇ, ਡੇਰਾਵਾਦ, ਬਾਬਾਵਾਦ, ਪਾਖੰਡਵਾਦ ਤੇ ਦਫ਼ਤਰ ਦੀ ਚੱਕੀ ਵਿਚ ਪਿੱਸ ਰਹੀ ਔਰਤ ਦੀ ਗੱਲ ਕਰਦਾ ਹੈ। ਜਿਵੇਂ ਮਨੁੱਖ ਤਰੱਕੀ ਕਰਦਾ ਹੈ ਨਾਲ ਦੀ ਨਾਲ ਉਸ ਦੀਆਂ ਇਛਾਵਾਂ ਵੀ ਵੱਧ ਰਹੀਆਂ ਹਨ ਜਦੋਂ ਇਹਨਾਂ ਇਛਾਂਵਾਂ ਦੀ ਪੂਰਤੀ ਨਹੀ ਹੁੰਦੀ ਤਾਂ ਮਾਨਸਿਕ ਪਰੇਸ਼ਾਨਿਆਂ ਵੱਧਦੀਆਂ ਹਨ। ਇਹ ਸਭ ਦੀ ਪੇਸ਼ਕਾਰੀ ਅਜੋਕੇ ਨਾਵਲ ਵਿਚ ਹੋ ਰਹੀ ਹੈ ।

ਵਿਸ਼ਵੀਕਰਨ ਨੇ ਜਿੱਥੇ ਪੂਰੀ ਦੁਨੀਆ ਨੂੰ ਇਕ ਪਿੰਡ ਦਾ ਰੂਪ ਦੇ ਦਿਤਾ ਉੱਥੇ ਸਾਡੇ ਜਿੰਦਗੀ ਜਿਉਣ ਦੇ ਢੰਗ ਤਰੀਕੀਆ ਨੂੰ ਬਦਲ ਦਿਤਾ ਹੈ। "ਆਧੁਨਿਕਕਰਨ ਨੇ ਮਨੁੱਖ ਦੀ ਹੋਂਦ ਖਤਮ ਕਰ ਦਿੱਤੀ ਹੈ। ਅੱਜ ਸਾਡੇ ਵਿਚ ਪਿਆਰ, ਇਨਸਾਨਿਅਤ, ਅਪਣਾਪਨ ਅਤੇ ਜਜ਼ਵਾਤ ਖਤਮ ਹੋ ਗਏ ਹਨ।"5 ਵਿਸ਼ਵੀਕਰਨ ਨੇ ਜਿੱਥੇ ਮਨੁੱਖੀ ਜਿੰਦਗੀ ਨੂੰ ਪ੍ਰਭਾਵਿਤ ਕੀਤਾ ਹੈ ਉਥੇ

ਸਹਿਤ ਨੂੰ ਵੀ ਧੱਕਾ ਲਾਇਆ ਹੈ। ਇਸ ਕਰਕੇ ਅਜੋਕਾ ਨਾਵਲ ਮਨੋਵਿਗਿਆਨਕ, ਉੱਤਰ ਆਧੁਨਿਕਵਾਦੀ ਨਾਵਲ ਹੈ।" ਜਿਹੜਾ ਮਨੁੱਖੀ ਮਨ ਦੀ ਤਸ਼ਵੀਰ ਹੂ-ਬ-ਹੂ ਪੇਸ਼ ਕਰਦਾ ਹੈ। ਗੁਰਦਿਆਲ ਸਿੰਘ ਦਾ ਨਾਵਲ 'ਆਹਣ', ਬਲਦੇਵ ਸਿੰਘ ਸੜਕਨਾਮਾ 'ਅੰਨਦਾਤਾ', 'ਖਾਕੁ ਜੇਡੁ ਨਾ ਕੋਇ', ਪਰਗਟ ਸਤੌਜ ਦਾ ਨਾਵਲ 'ਤੀਵੀਆਂ' ਅਜਿਹੇ ਨਾਵਲ ਹਨ ਜਿਹੜੇ ਆਮ ਮਨੁੱਖ ਦੀ ਜਿੰਦਗੀ ਨੂੰ ਪੇਸ਼ ਕਰਦੇ ਹਨ।

ਅਸੀਂ ਪੰਜਾਬੀ ਨਾਵਲ ਬਾਰੇ ਇਹ ਕਹਿ ਸਕਦੇ ਹਾਂ ਕੀ ਪੰਜਾਬੀ ਨਾਵਲ ਹਮੇਸ਼ਾਂ ਸਮੇ਼ ਦਾ ਹਾਣੀ ਬਣਕੇ ਤੁਰਿਆ ਹੈ। ਇਸ ਕਰਕੇ ਨਾਵਲ ਹਰੇਕ ਯੁੱਗ, ਹਰੇਕ ਸਦੀ ਵਿਚ ਮਨੁੱਖ ਦੀ ਪਸੰਦ ਰਿਹਾ ਹੈ ਅੱਜ ਨਾਵਲ ਸਮਾਜ ਵਿਚ ਵਿਸ਼ੇਸ ਤੇ ਵਿਲੱਖਣ ਥਾਂ ਰਖਦਾ ਹੈ ਕਿਉਂਕਿ ਜਿਵੇਂ-ਜਿਵੇ ਸਮੇਂ ਵਿਚ ਪਰਿਵਰਤਨ ਆਇਆ ਤੇ ਨਾਵਲ ਵੀ ਉਸੇ ਤਰਾਂ ਪਰਿਵਰਤਨ ਨੂੰ ਸਵੀਕਾਰ ਕਰਦਾ ਰਿਹਾ ਹੈ।

## ਹਵਾਲੇ


1. ਰਘਬੀਰ ਸਿੰਘ ਸੰਪਾ, ਪੰਜਾਬੀ ਸਾਹਿਤ ਦੀ ਪਛਾਣ, ਸਾਹਿਤ ਅਕਾਦਮੀ ਦਿੱਲੀ, ਪੰਨਾ-105
2. ਕਮਲਜੀਤ ਕੌਰ ਬਾਂਗਾ, ਪੰਜਾਬੀ ਨਾਵਲ ਦਾ ਵਿਚਾਰਧਾਰਕ ਪਰਿਪੇਖ,ਸੰਗਮ ਪਬਲਿਕੇਸ਼ਜ, ਸਮਾਣਾ, ਪੰਨਾ-107
3. ਰਘਬੀਰ ਸਿੰਘ ਸੰਪਾ, ਪੰਜਾਬੀ ਸਾਹਿਤ ਦੀ ਪਛਾਣ, ਸਾਹਿਤ ਅਕਾਦਮੀ ਦਿੱਲੀ,ਪੰਨਾ-105
4. ਸੰਪਾ਼ ਧਨਵੰਤ ਕੋਰ, ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਗਲੋਬਲ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਿਵਰਸਿਟੀ ਪਟਿਆਲਾ, ਪੰਨਾ-269
5. ਉਹੀ